# ਫ਼ਿਲਗ੍ਰਾਸਟਿਮ FILGRASTIM

- ਇਸ ਨੂੰ G-CSF, ਨਿਓਪੋਜੇਨ®, ਗ੍ਰਾਸਟੋਫਿਲ® ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ
- ਇਸ ਦੀਆਂ 300 ਮਾਈਕ੍ਰੋਗ੍ਰਾਮ ਜਾਂ 480 ਮਾਈਕ੍ਰੋਗ੍ਰਾਮ ਦੀਆਂ ਭਰੀਆਂ ਹੋਈਆਂ ਟੀਕੇ ਦੀਆਂ ਸਰਿੰਜਾਂ ਮਿਲਦੀਆਂ ਹਨ
- **ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?**

ਫ਼ਿਲਗ੍ਰਾਸਟਿਮ



## ਇਹ ਦਵਾਈ ਕਿਸ ਲਈ ਹੈ? What is this medication for?

- ਤੁਹਾਡੀਆਂ ਐਂਟੀ-ਰਿਜੈਕਸ਼ਨ, ਐਂਟੀਵਾਇਰਲ, ਐਂਟੀਬਾਇਟਿਕ ਜਾਂ ਇਨ੍ਹਾਂ ਦਵਾਈਆਂ ਦਾ ਮਿਲਵਾਂ ਰੂਪ ਤੁਹਾਡੇ ਖ਼ੂਨ ਵਿਚ ਚਿੱਟੇ ਕਣਾਂ (ਸੈੱਲਜ਼) ਨੂੰ ਘਟ ਕਰ ਸਕਦਾ ਹੈ। ਇਸ ਕਾਰਨ ਤੁਹਾਡੇ ਸਰੀਰ ਦੀ ਇਨਫ਼ੈਕਸ਼ਨ ਨਾਲ ਲੜਣ ਦੀ ਸਮਰਥਾ ਘਟ ਜਾਂਦੀ ਹੈ। ਫ਼ਿਲਗ੍ਰਾਸਟਿਮ ਤੁਹਾਡੀਆਂ ਹੱਡੀਆਂ ਵਿਚਲੇ ਮੱਜੇ ਨੂੰ ਦੱਸਦੀ ਹੈ ਕਿ ਜ਼ਿਆਦਾ ਚਿੱਟੇ ਕਣ ਬਣਾ ਕੇ ਇਨਫ਼ੈਕਸ਼ਨ ਦਾ ਖ਼ਤਰਾ ਘਟ ਕਰੇ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਤੁਹਾਡੇ ਖ਼ੂਨ ਵਿਚ ਚਿੱਟੇ ਕਣਾਂ ਦੀ ਮਾਤਰਾ ਇਹ ਦਸਦੀ ਹੈ ਕਿ ਤੁਹਾਨੂੰ ਕਿੰਨੀ ਫ਼ਿਲਗ੍ਰਾਸਟਿਮ ਚਾਹੀਦੀ ਹੈ। ਆਮ ਤੌਰ ਤੇ ਤੁਹਾਨੂੰ 3 ਦਿਨਾਂ ਲਈ ਰੋਜ਼ ਟੀਕਾ ਲੱਗੇਗਾ ਅਤੇ ਉਸ ਤੋਂ ਬਾਅਦ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਨੂੰ ਦਵਾਈ ਦੀ ਠੀਕ ਮਾਤਰਾ ਮਿਲ ਗਈ ਹੈ ਚਿੱਟੇ ਕਣਾਂ ਦੀ ਮਾਤਰਾ ਫਿਰ ਚੈੱਕ ਕੀਤੀ ਜਾਏਗੀ।

| | |
|---|---|
| ਇਹ ਟੀਕਾ 3 ਦਿਨਾਂ ਲਈ ਰੋਜ਼ ਲਗਾਇਆ ਜਾਂਦਾ ਹੈ | ਤੁਹਾਡੇ ਟੀਕੇ ਦੀਆਂ ਤਾਰੀਖ਼ਾਂ ਅਤੇ ਸਮਾਂ: _______________ |

- ਫ਼ਿਲਗ੍ਰਾਸਟਿਮ ਦਾ ਟੀਕਾ ਚਮੜੀ ਥੱਲੇ ਦਿੱਤਾ ਜਾ ਸਕਦਾ ਹੈ। ਤੁਹਾਡੀ ਕਲੀਨਿਕ ਵਾਲੀ ਨਰਸ ਤੁਹਾਨੂੰ ਦਿਖਾਏਗੀ ਕਿ ਘਰ ਵਿਚ ਚਮੜੀ ਥੱਲੇ ਟੀਕਾ ਕਿਵੇਂ ਲਗਾਉਣਾ ਹੈ।

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਠੀਕ ਨਿਰਧਾਰਤ ਸਮੇਂ ਤੇ ਲਵੋ। ਦੁਗਣੀ ਜਾਂ ਵਾਧੂ ਖ਼ੁਰਾਕ ਨਾ ਲਵੋ।

ਜੇ ਟੀਕਾ ਲਗਵਾਉਣ ਲਈ ਤੁਸੀਂ ਕਲੀਨਿਕ ਜਾਣਾ ਹੈ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਨਿਰਧਾਰਤ ਦਿਨ ਤੇ ਹੀ ਜਾਓ ਨਾ ਕਿ ਭੁੱਲੇ ਹੋਏ ਦਿਨ। ਜੇ ਤੁਸੀਂ ਟੀਕਾ ਭੁੱਲ ਜਾਂਦੇ ਹੋ ਤਾਂ ਦਵਾਈ ਪੂਰੀ ਤਰ੍ਹਾਂ ਅਸਰ ਨਹੀਂ ਕਰੇਗੀ ਅਤੇ ਭੁੱਲੀ ਹੋਈ ਖ਼ੁਰਾਕ ਨੂੰ ਵਾਧੂ ਖ਼ੁਰਾਕ "ਪੂਰਾ" ਨਹੀਂ ਕਰੇਗੀ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| *ਬੁਰੇ ਪ੍ਰਭਾਵ Side Effect* | ਇਲਾਜ Management |
|---|---|
| **ਟੀਕੇ ਵਾਲੀ ਥਾਂ ਤੇ ਜਲਣ/ਖ਼ਾਰਸ਼** | ਤੁਹਾਡੇ ਡਾਕਟਰ ਵੱਲੋਂ ਕਾਊਂਟਰ ਤੇ ਮਿਲਣ ਵਾਲੀ ਦਰਦ ਨਿਵਾਰਕ ਜਾਂ ਫਲੂ ਵਿਰੁੱਧ ਦੱਸੀ ਦਵਾਈ ਨਾਲ ਠੀਕ ਹੋ ਜਾਣਾ ਚਾਹੀਦਾ ਹੈ। |
| **ਹੱਡੀਆਂ, ਜੋੜਾਂ ਜਾਂ ਮਾਸਪੇਸ਼ੀਆਂ ਵਿਚ ਦਰਦ** | ਤੁਹਾਡੇ ਖ਼ੂਨ ਵਿਚ ਚਿੱਟੇ ਕਣਾਂ ਦੀ ਮਾਤਰਾ ਚੈੱਕ ਕਰਨ ਲਈ ਤੁਹਾਡੇ ਖ਼ੂਨ ਤੇ ਕੰਮ ਕੀਤਾ ਜਾਏਗਾ। ਕਿਉਂਕਿ ਦਵਾਈ ਦੀ ਜ਼ਿਆਦਾ ਵਰਤੋਂ ਨਾਲ ਤੁਹਾਨੂੰ ਬੁਰੇ ਪ੍ਰਭਾਵ ਮਹਿਸੂਸ ਹੋ ਸਕਦੇ ਹਨ। |
| **ਸਿਰ ਦਰਦ, ਫਲੂ ਵਰਗੇ ਲੱਛਣ** | ਤੁਹਾਡੇ ਡਾਕਟਰ ਵੱਲੋਂ ਦਸੀ ਕਾਊਂਟਰ ਤੇ ਮਿਲਣ ਵਾਲੀ ਦਰਦ ਨਿਵਾਰਕ ਦਵਾਈ ਨਾਲ ਠੀਕ ਹੋ ਜਾਣਾ ਚਾਹੀਦਾ ਹੈ। |